**SWIS-H**
STATEWIDE INFANT
SCREENING - HEARING

# ਮੇਰੇ ਬੱਚੇ ਨੂੰ ਇੱਕ ਡਾਇਗਨੌਸਟਿੱਕ ਜਾਂਚ ਦੀ ਕਿਉਂ ਜ਼ਰੂਰਤ ਹੈ?



ਜੇ ਤੁਹਾਡੇ ਬੱਚੇ ਦੀ ਸੁਣਨ-ਸ਼ਕਤੀ ਦੀਆਂ ਪਹਿਲੀਆਂ ਦੋ ਜਾਂਚਾਂ ਤੋਂ ਕੋਈ ਸਪੱਸ਼ਟ ਨਤੀਜਾ ਨਹੀਂ ਮਿਲਿਆ, ਤਾਂ ਉਸ ਨੂੰ ਇੱਕ ਡਾਇਗਨੋਸਟਿਕ ਮੁਲੰਕਣ ਦੀ ਜ਼ਰੂਰਤ ਪਵੇਗੀ।

ਇਸ ਦੇ ਕਈ ਕਾਰਨ ਹੋ ਸਕਦੇ ਹਨ।

ਇਹ ਹੋ ਸਕਦਾ ਹੈ ਕਿ:

- ਜਨਮ ਤੋਂ ਬਾਅਦ ਤੁਹਾਡੇ ਬੱਚੇ ਦੇ ਕੰਨ ਵਿੱਚ ਤਰਲ ਪਦਾਰਥ ਜਾਂ ਕੋਈ ਰੁਕਾਵਟ ਸੀ
- ਤੁਹਾਡੇ ਬੱਚੇ ਦੀ ਸੁਣਨ-ਸ਼ਕਤੀ ਵਿੱਚ ਕੁੱਝ ਹੱਦ ਤੱਕ ਨੁਕਸਾਨ ਹੋ ਸਕਦਾ ਹੈ।

ਜਿੰਨੀ ਛੇਤੀ ਵੀ ਸੰਭਵ ਹੋ ਸਕੇ ਇਹ ਪਤਾ ਲਾਉਣਾ ਮਹੱਤਵਪੂਰਣ ਹੁੰਦਾ ਹੈ ਕਿ ਤੁਹਾਡੇ ਬੱਚੇ ਨੂੰ ਕਿੰਨੀ ਚੰਗੀ ਤਰ੍ਹਾਂ ਸੁਣਦਾ ਹੈ ਤਾਂ ਜੋ ਤੁਹਾਨੂੰ ਤੇ ਤੁਹਾਡੇ ਬੱਚੇ ਨੂੰ ਸਹੀ ਸਲਾਹ ਅਤੇ ਸਹਾਇਤਾ ਮਿਲ ਸਕੇ।

ਜਿਸ ਹਸਪਤਾਲ ਵਿੱਚ ਤੁਹਾਨੂੰ ਰੀਫ਼ਰ ਕੀਤਾ ਗਿਆ ਹੈ, ਜੇ ਤੁਸੀਂ ਉਸ ਤੋਂ ੧੦੦ ਕਿਲੋ ਮੀਟਰ ਤੋਂ ਵੱਧ ਦੂਰੀ ਉਤੇ ਰਹਿੰਦੇ ਹੋ, ਤਾਂ ਇਹ ਵਿਵਰਣਿਕਾ ਤੁਹਾਨੂੰ ਦੇਣ ਵਾਲੇ ਵਿਅਕਤੀ ਤੋਂ SWIS-H ਯਾਤਰਾ ਸਹਾਇਤਾ ਯੋਜਨਾ (Travel Assistance Scheme) ਬਾਰੇ ਜਾਣਕਾਰੀ ਲਓ।

## ਡਾਇਗਨੌਸਟਿਕ ਮੁਲੰਕਣ (DIAGNOSTIC ASSESSMENT) ਵੇਲੇ ਕੀ ਵਾਪਰੇਗਾ?

ਤੁਹਾਡਾ ਬੱਚਾ ਕਿਵੇਂ ਸੁਣਦਾ ਹੈ, ਇਸ ਬਾਰੇ ਵਿਸਤ੍ਰਿਤ ਜਾਣਕਾਰੀ ਦੇਣ ਲਈ ਅਨੇਕਾਂ ਟੈਸਟ ਕੀਤੇ ਜਾਣਗੇ।

ਇੱਕ ਆਡੀਓਲੌਜਿਸਟ ਜੋ ਸੁਣਨ-ਸ਼ਕਤੀ ਦੀ ਪਰਖ ਕਰਨ ਦਾ ਮਾਹਿਰ ਹੁੰਦਾ ਹੈ ਇਹ ਟੈਸਟ ਕਰੇਗਾ। ਇਹ ਮੁਲੰਕਣ ਬਿਲਕੁਲ ਮੁਫ਼ਤ ਹੁੰਦਾ ਹੈ।

ਕਿਸੇ ਵੀ ਟੈਸਟ ਨਾਲ ਤੁਹਾਡੇ ਬੱਚੇ ਨੂੰ ਕੋਈ ਨੁਕਸਾਨ ਨਹੀਂ ਪੁੱਜੇਗਾ।

## ਮੈਂ ਆਪਣੇ ਬੱਚੇ ਨੂੰ ਇਸ ਮੁਲੰਕਣ ਲਈ ਕਿਵੇਂ ਤਿਆਰ ਕਰਾਂ?

ਇਹ ਸਭ ਤੋਂ ਵਧੀਆ ਹੁੰਦਾ ਹੈ ਕਿ ਇਨ੍ਹਾਂ ਟੈਸਟਾਂ ਦੌਰਾਨ ਤੁਹਾਡਾ ਬੱਚਾ ਸੁੱਤਾ ਹੋਵੇ। ਇਸੇ ਕਾਰਣ, ਇਹ ਗੱਲ ਸਹਾਈ ਹੁੰਦੀ ਹੈ ਕਿ ਤੁਸੀਂ ਥੋੜ੍ਹਾ ਪਹਿਲਾਂ ਆ ਜਾਓ, ਤਾਂ ਜੋ ਤੁਹਾਨੂੰ ਆਪਣੇ ਬੱਚੇ ਨੂੰ ਦੁੱਧ ਚੁੰਘਾਉਣ ਦਾ ਸਮਾਂ ਮਿਲ ਸਕੇ ਅਤੇ ਤੁਸੀਂ ਆਪਣੇ ਬੱਚੇ ਨੂੰ ਸੁਆਂ ਸਕੋਂ।

ਜੇ ਤੁਹਾਡੇ ਹੋਰ ਵੀ ਬੱਚੇ ਹਨ, ਤਾਂ ਕ੍ਰਿਪਾ ਕਰ ਕੇ ਘਰ ਵਿੱਚ ਉਨ੍ਹਾਂ ਦੀ ਦੇਖਭਾਲ ਦੀ ਜ਼ਿੰਮੇਵਾਰੀ ਦਾ ਇੰਤਜ਼ਾਮ ਕਰ ਕੇ ਆਓ, ਤਾਂ ਜੋ ਸਮੁੱਚੇ ਮੁਲੰਕਣ ਦੌਰਾਨ ਤੁਸੀਂ ਆਪਣੇ ਬੱਚੇ ਕੋਲ ਰਹਿ ਸਕੋ। ਮਾਹੌਲ ਜ਼ਰੂਰ ਹੀ ਸ਼ਾਂਤ ਹੋਣਾ ਚਾਹੀਦਾ ਹੈ।

ਡਾਇਗਨੌਸਟਿਕ ਮੁਲੰਕਣ ਵਿੱਚ ਕਈ ਪ੍ਰਕਾਰ ਦੇ ਟੈਸਟ ਸ਼ਾਮਲ ਹੁੰਦੇ ਹਨ, ਤੁਹਾਨੂੰ ਕਦੋਂ ਸਮਾਂ ਦਿੱਤਾ ਗਿਆ ਹੈ, ਉਸ ਉਤੇ ਨਿਰਭਰ ਕਰਦਿਆਂ ਸਵੇਰ ਜਾਂ ਬਾਅਦ ਦੁਪਹਿਰ ਕੋਈ ਵੀ ਸਮਾਂ ਹੋਵੇ। ਤੁਸੀਂ ਆਪਣੇ ਨਾਲ ਕੋਈ ਸਹਾਇਕ ਵਿਅਕਤੀ ਵੀ ਲਿਆ ਸਕਦੇ ਹੋ।

## ਡਾਇਗਨੌਸਟਿਕ ਮੁਲੰਕਣ ਕਿਵੇਂ ਕੀਤਾ ਜਾਂਦਾ ਹੈ?

ਇਹ ਡਾਇਗਨੌਸਟਿਕ ਮੁਲੰਕਣ ਔਡੀਟਰੀ ਬ੍ਰੇਨਸਟੈਮ ਰਿਸਪਾਂਸ (ਏ.ਬੀ.ਆਰ.) (Auditory Brainstem Response (ABR)) ਟੈਸਟ ਅਖਵਾਉਂਦਾ ਹੈ। ਜਿਹੋ ਜਿਹੇ ਸੈਂਸਰਜ਼ ਤੁਹਾਡੇ ਬੱਚੇ ਦੀ ਸਕਰੀਨ ਜਾਂਚ ਵੇਲੇ ਵਰਤੇ ਗਏ ਸਨ, ਉਹ ਤੁਹਾਡੇ ਬੱਚੇ ਦੇ ਸਿਰ ਉਤੇ ਰੱਖੇ ਜਾਣਗੇ। ਆਵਾਜ਼ਾਂ ਕੱਢੀਆਂ ਜਾਣਗੀਆਂ ਜੋ ਹੈਡਫੋਨਜ਼ ਰਾਹੀਂ ਤੁਹਾਡੇ ਬੱਚੇ ਤੱਕ ਪਹੁੰਚਾਈਆਂ ਜਾਣਗੀਆਂ। ਇਨ੍ਹਾਂ ਆਵਾਜ਼ਾਂ ਪ੍ਰਤੀ ਤੁਹਾਡੇ ਬੱਚੇ ਦੇ ਹੁੰਗਾਰੇ ਰਿਕਾਰਡ ਕੀਤੇ ਜਾਣਗੇ। ਇਹ ਹੁੰਗਾਰੇ ਦਰਸਾਉਂਦੇ ਹਨ ਕਿ ਵੱਧ ਤੋਂ ਵੱਧ ਨਰਮ ਆਵਾਜ਼ਾਂ ਤੁਹਾਡਾ ਬੱਚਾ ਸੁਣ ਸਕਦਾ ਹੈ।

## ਮੁਲੰਕਣ ਤੋਂ ਬਾਅਦ ਕੀ ਵਾਪਰੇਗਾ?

ਆਡਿਓਲੌਜਿਸਟ ਆਮ ਤੌਰ 'ਤੇ ਉਸੇ ਦਿਨ ਤੁਹਾਨੂੰ ਨਤੀਜਿਆਂ ਬਾਰੇ ਜਾਣਕਾਰੀ ਦੇਣ ਦੇ ਯੋਗ ਹੋਵੇਗਾ ਅਤੇ ਉਸ ਦੇ ਨਤੀਜਿਆਂ ਬਾਰੇ ਤੁਹਾਨੂੰ ਸਮਝਾ ਦੇਵੇਗਾ।

ਜੇ ਤੁਹਾਡੇ ਬੱਚੇ ਦੀ ਸੁਣਨ-ਸ਼ਕਤੀ ਵਿੱਚ ਕੋਈ ਨੁਕਸ ਪਾਇਆ ਜਾਂਦਾ ਹੈ, ਤਾਂ ਤੁਹਾਨੂੰ ਨਿਊ ਸਾਊਥ ਵੇਲਜ਼ (NSW) ਵਿੱਚ ਮੌਜੂਦ ਬੱਚਿਆਂ ਦੇ ਤਿੰਨ ਹਸਪਤਾਲਾਂ (NSW children's hospitals) ਵਿਚੋਂ ਕਿਸੇ ਇੱਕ ਵਿੱਚ ਮਾਹਿਰ ਦੀਆਂ ਸੇਵਾਵਾਂ ਕੋਲ ਭੇਜਿਆ ਜਾਵੇਗਾ। ਇਨ੍ਹਾਂ ਸੇਵਾਵਾਂ ਨੂੰ ਇੱਕ ਰਿਪੋਰਟ ਭੇਜੀ ਜਾਵੇਗੀ। ਤੁਹਾਡੀ ਸਹਿਮਤੀ ਨਾਲ ਇੱਕ ਕਾਪੀ ਤੁਹਾਨੂੰ ਭੇਜੀ ਜਾਵੇਗੀ ਅਤੇ ਨਾਲ ਹੀ ਤੁਹਾਡੇ ਸਥਾਨਕ ਡਾਕਟਰ ਤੇ ਤੁਹਾਡੇ ਬੱਚੇ ਦੇ ਪੈਡੀਆਟ੍ਰਿਸ਼ੀਅਨ (paediatrician) ਨੂੰ ਵੀ ਭੇਜੀ ਜਾਵੇਗੀ। ਔਡੀਓਲੌਜਿਸਟ ਅਤੇ ਸੋਸ਼ਲ ਵਰਕਰ ਉਹ ਸੇਵਾਵਾਂ ਤੇ ਸਹਾਇਤਾ ਲੈਣ ਵਿੱਚ ਤੁਹਾਡੀ ਮਦਦ ਕਰਨਗੇ ਜੋ ਤੁਹਾਨੂੰ ਤੇ ਤੁਹਾਡੇ ਬੱਚੇ ਨੂੰ ਚਾਹੀਦੀਆਂ ਹੋ ਸਕਦੀਆਂ ਹਨ।

ਜੇ ਤੁਹਾਡੇ ਬੱਚੇ ਦੀ ਸੁਣਨ-ਸ਼ਕਤੀ ਠੀਕ ਠਾਕ ਹੈ ਪਰ ਬਾਅਦ 'ਚ ਕਿਸੇ ਵੇਲੇ ਵੀ ਤੁਸੀਂ ਆਪਣੇ ਬੱਚੇ ਦੀ ਸੁਣਨ-ਸ਼ਕਤੀ, ਬੋਲਣ ਜਾਂ ਭਾਸ਼ਾ ਵਿਕਾਸ ਬਾਰੇ ਚਿੰਤਤ ਹੋ ਜਾਂਦੇ ਹੋ; ਤਾਂ ਕ੍ਰਿਪਾ ਕਰ ਕੇ ਆਪਣੇ ਬੱਚੇ ਦੀ ਸੁਣਨ-ਸ਼ਕਤੀ ਦੀ ਮੁੜ ਜਾਂਚ ਕਰਵਾਉਣ ਦਾ ਇੰਤਜ਼ਾਮ ਕਰੋ।

ਆਪਣੇ ਪਰਿਵਾਰਕ ਡਾਕਟਰ ਨਾਲ ਗੱਲਬਾਤ ਇੱਕ ਚੰਗੀ ਸ਼ੁਰੂਆਤ ਹੋ ਸਕਦੀ ਹੈ। ਸੁਣਨ-ਸ਼ਕਤੀ ਦੀ ਜਾਂਚ ਕਿਸੇ ਉਮਰ ਵਿੱਚ ਕੀਤੀ ਜਾ ਸਕਦੀ ਹੈ।

### ਹੋਰ ਵਧੇਰੇ ਜਾਣਕਾਰੀ ਲਈ ਕਿਰਪਾ ਕਰਕੇ ਹੇਠ ਦਿਤੀ ਵੈਬਸਾਈਟ ਵੇਖੋ:

http://www.health.nsw.gov.au/kids-families

ਸਥਾਨਕ ਸੰਪਰਕ/ਮਿਲਣ ਦੇ ਸਮੇਂ ਦੇ ਵੇਰਵੇ

ਸਿਹਤ ਬਾਰੇ ਸਲਾਹ ਲਈ *healthdirect Australia* ਨਾਲ ਸੰਪਰਕ ਕਰੋ
http://www.healthdirect.gov.au/
**1800 022 222**

NSW GOVERNMENT | Health

© NSW Health September 2016 SHPN (NKF) 150233

**Punjabi** - Why does my baby need a diagnostic assessment?